

# ਮਾਤਾ-ਪਿਤਾ ਦੀ NYSESLAT ਜਾਣਕਾਰੀ ਲਈ ਬਰੋਸ਼

PUNJABI

ਸਵਾਗਤ ਹੈ! ਨਿਊ ਯਾਰ੍ਕ ਸਟੇਟ ਸਿੱਖਿਆ ਵਿਭਾਗ ( NYSED ) ਦੇ ਦੋਭਾਸ਼ੀ ਅਤੇ ਵਿਸ਼ਵ ਭਾਸ਼ਾ ਸਿੱਖਿਆ ਦਫਤਰ ( OBEWL ) ਦਾ ਮਿਸ਼ਨ ਹੈ ਕਿ ਉਹ ਯਕੀਨੀ ਬਣਾਏ ਤਾਂ ਜੋ ਅੰਗਰੇਜ਼ੀ ਭਾਸ਼ਾ ਸਿੱਖਣ ਵਾਲੇ ( ELLs ) / ਬਹੁਭਾਸ਼ੀ ਸਿਖਿਆਰਥੀ ( MLLs ) ਸਮੇਤ ਸਾਰੇ ਨਿਊ ਯਾਰ੍ਕ ਸਟੇਟ ( NYS ) ਦੇ ਵਿਦਿਆਰਥੀ, ਆਪਣੀ ਅਕਾਦਮਿਕ ਸਫਲਤਾ ਅਤੇ ਭਾਸ਼ਾ ਦੀ ਮੁਹਾਰਤ ਦੇ ਉੱਚੇ ਪੱਧਰ ਨੂੰ ਪ੍ਰਾਪਤ ਕਰ ਸਕਣ। ਅਸੀਂ ਇਹ ਯਕੀਨੀ ਕਰਨ ਦੀ ਕੋਸ਼ਿਸ਼ ਕਰਦੇ ਹਾਂ ਕਿ ਸਭ ਵਿਦਿਆਰਥੀਆਂ ਦੇ ਵਿਅਕਤੀਗਤ ਵਿਦਿਅਕ ਮਾਰਗ ਅਤੇ ਸਮਾਜਿਕ - ਭਾਵਨਾਤਮਕ ਲੋੜਾਂ ਮਲਟੀਪਲ ਭਾਸ਼ਾਵਾਂ ਵਿਚ ਪੂਰੀਆਂ ਹੋਣ ਤਾਕਿ ਇਹ ਉਹਨਾਂ ਨੂੰ ਕਾਲਜ ਅਤੇ ਕੈਰੀਅਰ ਲਈ ਤਿਆਰ ਕਰਨ ਵਿਚ ਮੋਹਰੀ ਹੋਣ।ਹਰ ਸਾਲ ਆਪਦੇ ਬੱਚੇ ਨੂੰ ਇੱਕ ਭਾਸ਼ਾ ਮੁਹਾਰਤ ਨਿਰਧਾਰਨ, ਨਿਊ ਯਾਰਕ ਸਟੇਟ ਅੰਗਰੇਜ਼ੀ ਇੱਕ ਦੂਜੀ ਭਾਸ਼ਾ ਦੇ ਤੌਰ ਤੇ ਪ੍ਰਾਪਤੀ ਟੈਸਟ ( NYSESLAT ) ਦਿੱਤਾ ਜਾਂਦਾ ਹੈ।

## ਜਾਣ-ਪਛਾਣ

ਅੰਗਰੇਜ਼ੀ ਭਾਸ਼ਾ ਸਿੱਖਣ ਵਾਲਿਆਂ ਲਈ ਨਿਊਯਾਰਕ ਰਾਜ ਪਛਾਣ ਟੈਸਟ ( NYSITELL ) ਦੁਆਰਾ ਐੱਲ / MLL ਦੀ ਪਛਾਣ ਕੀਤੇ ਗਏ ਸਾਰੇ ਵਿਦਿਆਰਥੀਆਂ ਨੂੰ NYSESLAT ਦਿੱਤਾ ਜਾਂਦਾ ਹੈ। NYSESLAT ਦਾ ਮਕਸਦ ਸਾਲਾਨਾ ਨਿਊ ਯਾਰ੍ਕ ਸਟੇਟ ਸਕੂਲਾਂ ਵਿਚ ਗ੍ਰੇਡ k -12 ਵਿੱਚ ਦਾਖਲ ELLs / MLLs ਦੀ ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਦੇ ਪੱਧਰ ਦਾ ਜਾਇਜ਼ਾ ਲੈਣਾ ਹੁੰਦਾ ਹੈ। ਟੈਸਟ ਰਾਜ, ਸਕੂਲ, ਮਾਤਾ-ਪਿਤਾ, ਅਤੇ ਅਧਿਆਪਕਾਂ ਨੂੰ ELLs/ MLLs ਦੇ ਅੰਗਰੇਜ਼ੀ ਭਾਸ਼ਾ ਦੇ ਵਿਕਾਸ ਦੇ ਬਾਰੇ ਮਹੱਤਵਪੂਰਨ ਜਾਣਕਾਰੀ ਦਿੰਦਾ ਹੈ। .

## **NYSESLAT** ਕਦੋਂ ਦਿੱਤਾ ਜਾਂਦਾ ਹੈ?

NYSESLAT ਆਮ ਤੌਰ 'ਤੇ ਅਪਰੈਲ ਅਤੇ ਮਈ ਦੌਰਾਨ ਬਸੰਤ ਵਿੱਚ ਦਿੱਤਾ ਜਾਂਦਾ ਹੈ।

## ਕਿਸ ਕਿਸਮ ਦੇ ਸਵਾਲ ਵਿਦਿਆਰਥੀਆਂ ਕੋਲੋਂ ਪੁਛੇ ਜਾਣਗੇ?

NYSESLAT ਦੇ ਸਵਾਲ ਸੁਣਨ, ਬੋਲਣ, ਪੜ੍ਹਨ ਅਤੇ ਲਿਖਣ ਵਿਚ ਬਹੁ-ਚੋਣ ਵਾਲੇ, ਛੋਟਾ ਲਿਖਿਆ ਜਵਾਬ, ਲੰਬਾ ਲਿਖਿਆ ਜਵਾਬ ਅਤੇ ਜ਼ੁਬਾਨੀ ਜਵਾਬ ਸ਼ਾਮਲ ਹਨ। ਤੁਹਾਡੇ ਬੱਚੇ ਨੂੰ ਟੈਸਟ ਦੇ ਸਾਰੇ ਹਿੱਸਿਆਂ ਨੂੰ ਲੈਣਾ ਚਾਹੀਦਾ ਹੈ। NYSESLAT 'ਤੇ ਸਵਾਲ ਤੁਹਾਡੇ ਬੱਚੇ ਨੂੰ ਕਲਾਸ ਵਿਚ ਹੋਣ ਵਾਲੇ ਕੰਮ ਅਤੇ ਕੰਮਕਾਜ ਦੀਆਂ ਕਿਸਮਾਂ ਦੇ ਅਨੁਭਵ ਨੂੰ ਵਿਖਾਉਂਦੇ ਹਨ।

## **NYSESLAT** ਦਾ ਪ੍ਰਬੰਧਕ ਕੌਣ ਹੈ ?


NYSESLAT ਦਾ ਪ੍ਰਬੰਧ ਨਿਊ ਯਾਰ੍ਕ ਸਟੇਟ ਦੇ ਯੋਗ ਸਿੱਖਿਅਕ ਕਰਦੇ ਹਨ।

## ਮੈ ਆਪਣੇ ਬੱਚੇ ਦੇ **NYSESLAT** ਸਕੋਰ ਦੀ ਇੱਕ ਕਾਪੀ ਕਿਵੇਂ ਪ੍ਰਾਪਤ ਕਰ ਸਕਦਾ ਹਾਂ ?

ਸਕੂਲ ਤੁਹਾਨੂੰ NYSESLAT ਸਕੋਰ ਦੀ ਇੱਕ ਰਿਪੋਰਟ ਮੁਹੱਈਆ ਕਰੇਗਾ, ਜੋ ਕਿ, ਤੁਹਾਡੇ ਬੱਚੇ ਦੇ ਅੰਗਰੇਜ਼ੀ ਭਾਸ਼ਾ ਦੇ ਵਿਕਾਸ ਦੀ ਤਰੱਕੀ ਬਾਰੇ ਖਾਸ ਜਾਣਕਾਰੀ ਦੇਵੇਗਾ।

## ਸਕੂਲ ਸਾਲ 2015-2016 ਅਤੇ ਉਸਤੋਂ ਅੱਗੇ ਲਈ ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਦੇ ਪੱਧਰ ਕੀ ਹਨ ?

ਵਿਦਿਆਰਥੀਆਂ ਦਾ ਆਪਸ ਵਿੱਚ ਵਧੇਰੇ ਫਰਕ ਜਾਨਣ ਲਈ ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਦੇ ਪੱਧਰ ਨੂੰ ਚਾਰ ਤੋਂ ਪੰਜ ਪੱਧਰ ਤੱਕ ਲਿਜਾਇਆ ਗਿਆ ਹੈ।:




ਅੰਗ੍ਰੇਜੀ ਮੁਹਾਰਤ ਪੱਧਰ ਦਾ ਕੀ ਮਤਲਬ ਹੈ ?

NYSESLAT ਦੇ ਪੱਧਰ ਦਾ ਵੇਰਵਾ ਹੇਠ ਸਾਰਣੀ ਵਿੱਚ ਦਿੱਤਾ ਗਿਆ ਹੈ :

| ਪੱਧਰ | ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਦੇ ਪੱਧਰ ਦਾ ਵੇਰਵਾ | |
|---|---|---|
| ਦਾਖਲ ਹੁੰਦਾ (ਸ਼ੁਰੂ ਦਾ ) | ਦਾਖਲ ਪੱਧਰ 'ਤੇ ਇਕ ਵਿਦਿਆਰਥੀ ਉਸ ਦੇ ਅਕਾਦਿਮਕ ਭਾਸ਼ਾ ਦੇ ਹੁਨਰ ਦੀ ਤਰੱਕੀ ਲਈ ਸਹਿਯੋਗ ਅਤੇ ਬਣਤਰ 'ਤੇ ਬਹੁਤ ਨਿਰਭਰ ਕਰਦਾ ਹੈ ਅਤੇ ਉਸਨੂ ਅਜੇ ਗ੍ਰੇਡ ਪੱਧਰ ਦੇ ਭਿਨ-ਭਿਨ ਅਕਾਦਮਿਕ ਪ੍ਰਸੰਗਾਂ ਵਿੱਚ ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਪ੍ਰਦਰਸ਼ਨ ਕਰਨ ਲਈ ਜ਼ਰੂਰੀ ਭਾਸ਼ਾਈ ਮੰਗਾਂ ਨੂੰ ਪੂਰਾ ਕਰਨਾ ਹੈ। | ELL ਸੇਵਾ ਲਈ ਯੋਗ |
| ਉਭਰਦਾ ( ਘੱਟ ਵਿਚਕਾਰਲਾ ) | ਉਭਰਦਾ ਪੱਧਰ 'ਤੇ ਇਕ ਵਿਦਿਆਰਥੀ ਉਸ ਦੇ ਅਕਾਦਿਮਕ ਭਾਸ਼ਾ ਦੇ ਹੁਨਰ ਦੀ ਤਰੱਕੀ ਲਈ ਸਹਿਯੋਗ ਅਤੇ ਬਣਤਰ 'ਤੇ ਕੁਝ ਨਿਰਭਰ ਕਰਦਾ ਹੈ ਅਤੇ ਉਸਨੂ ਅਜੇ ਗ੍ਰੇਡ ਪੱਧਰ ਦੇ ਭਿਨ-ਭਿਨ ਅਕਾਦਮਿਕ ਪ੍ਰਸੰਗਾਂ ਵਿੱਚ ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਪ੍ਰਦਰਸ਼ਨ ਕਰਨ ਲਈ ਜ਼ਰੂਰੀ ਭਾਸ਼ਾਈ ਮੰਗਾਂ ਨੂੰ ਪੂਰਾ ਕਰਨਾ ਹੈ। | |
| ਤਬਦੀਲ ਹੁੰਦਾ (ਵਿਚਕਾਰਲਾ ) | ਤਬਦੀਲ ਹੁੰਦਾ ਪੱਧਰ 'ਤੇ ਇਕ ਵਿਦਿਆਰਥੀ ਉਸ ਦੇ ਅਕਾਦਮਿਕ ਭਾਸ਼ਾ ਦੇ ਹੁਨਰ ਦੀ ਤਰੱਕੀ ਲਈ ਕੁਝ ਆਜ਼ਾਦੀ ਵੇਖਾਉਂਦਾ ਹੈ ਪਰ ਉਸਨੂ ਅਜੇ ਗ੍ਰੇਡ ਪੱਧਰ ਦੇ ਭਿਨ-ਭਿਨ ਅਕਾਦਮਿਕ ਪ੍ਰਸੰਗਾਂ ਵਿੱਚ ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਪ੍ਰਦਰਸ਼ਨ ਕਰਨ ਲਈ ਜ਼ਰੂਰੀ ਭਾਸ਼ਾਈ ਮੰਗਾਂ ਨੂੰ ਪੂਰਾ ਕਰਨਾ ਹੈ। | |
| ਤਰੱਕੀ ਕਰਦਾ ( ਵਧਦਾ) | ਵਧਦਾ ਪੱਧਰ 'ਤੇ ਇਕ ਵਿਦਿਆਰਥੀ ਉਸ ਦੇ ਅਕਾਦਮਿਕ ਭਾਸ਼ਾ ਦੇ ਹੁਨਰ ਦੀ ਤਰੱਕੀ ਲਈ ਬਹੁਤ ਆਜ਼ਾਦੀ ਵੇਖਾਉਂਦਾ ਹੈ ਅਤੇ ਉਹ ਗ੍ਰੇਡ ਪੱਧਰ ਦੇ ਭਿਨ-ਭਿਨ ਅਕਾਦਮਿਕ ਪ੍ਰਸੰਗਾਂ(settings) ਵਿੱਚ ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਪ੍ਰਦਰਸ਼ਨ ਕਰਨ ਲਈ ਜ਼ਰੂਰੀ ਭਾਸ਼ਾਈ ਮੰਗਾਂ ਨੂੰ ਪੂਰਾ ਕਰਨ ਦੇ ਨੇੜੇ ਹੈ। | |
| ਹੁਕਮਰਾਨਾ ( ਨਿਪੁੰਨ) | ਹੁਕਮਰਾਨੀ ਪੱਧਰ 'ਤੇ ਇਕ ਵਿਦਿਆਰਥੀ ਅਕਾਦਮਿਕ ਪ੍ਰਸੰਗਾਂ ( ਸੈਟਿੰਗ ) ਦੀ ਭਿਨ-ਭਿਨ ਕਿਸਮਾਂ ਦੇ ਵਿੱਚ ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਦਾ ਪ੍ਰਦਰਸ਼ਨ ਕਰਨ ਲਈ ਜ਼ਰੂਰੀ ਭਾਸ਼ਾਈ ਮੰਗਾਂ ਨੂੰ ਪੂਰਾ ਕਰ ਚੁੱਕਾ ਹੈ। ਇਸ ਪੱਧਰ 'ਤੇ ਇਕ ਵਿਦਿਆਰਥੀ ਨੂੰ ਹੁਣ ਕੋਈ ਵੀ ਇੱਕ ELL ਵਿਦਿਆਰਥੀ ਨਹੀਂ ਮਨਦਾ, ਪਰ ਉਹ ਸਾਬਕਾ ELL ਸੇਵਾ ਨੂੰ ਦੋ ਸਾਲ ਪ੍ਰਾਪਤ ਕਰਨ ਦਾ ਹੱਕਦਾਰ ਹੁੰਦਾ ਹੈ। | ELL ਸਰਵਿਸਿਜ਼ ਲਈ ਯੋਗ ਨਹੀਂ |

### ਜੇ ਮੇਰੇ ਬੱਚੇ ਦੀ **IEP** ਹੈ, ਤੇ ਕਿ **NYSESLAT** ਦੇ ਦੌਰਾਨ ਉਸ ਨੂੰ ਟੈਸਟਿੰਗ ਸਹੂਲਤਾਂ ਦੀ ਇਜਾਜ਼ਤ ਹੈ

ਜੀ, ਵਿਅਕਤੀਗਤ ਸਿਖਿਆ ਪ੍ਰੋਗਰਾਮ ( IEPs ) ਨਾਲ ELLs ਨੂੰ NYSESLAT ਲੈਣ ਵੇਲੇ ਟੈਸਟਿੰਗ ਸਹੂਲਤਾਂ ਦਿੱਤਿਆਂ ਗਇਆਂ ਹਨ। ਆਪਣੇ ਬੱਚੇ ਦੀਆਂ ਖਾਸ ਟੈਸਟਿੰਗ ਸਹੂਲਤਾਂ ਜਿਹਨਾਂ ਦਾ ਉਹ ਹੱਕਦਾਰ ਹੈ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਆਪਣੇ ਬੱਚੇ ਦੇ ਅਧਿਆਪਕ ਨਾਲ ਗੱਲ ਕਰੋ। ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਜਾਓ: http://www.p12.nysed.gov/assessment/nyseslat/

### ਇਕ ELL / MLL ਦੇ ਤੌਰ ਤੇ ਮੇਰਾ ਬੱਚਾ ਕੀ ਸੇਵਾਵਾਂ ਲੈਣ ਦਾ ਹੱਕਦਾਰ ਹੈ ?

ਤੁਹਾਡਾ ਬੱਚਾ ਇਕ ਦੋਭਾਸ਼ੀ ਸਿਖਿਆ ( ਪਿਰਵਰਤਨਸ਼ੀਲ ਜ ਡਿਊਲ ਭਾਸ਼ਾ ) ਅਤੇ / ਜ ਅੰਗਰੇਜ਼ੀ ਇੱਕ ਨਵੀਂ ਭਾਸ਼ਾ ਸੇਵਾ ਦੇ ਤੌਰ ਤੇ '( ENL ) ਦਾ ਹੱਕਦਾਰ ਹੈ। ਤੁਹਾਡੇ ਬੱਚੇ ਦੀ ਮੁਹਾਰਤ ਦਾ ਪੱਧਰ ਉਸ ਨੂੰ ਹਰ ਹਫਤੇ ਪ੍ਰਾਪਤ ਹੋਣ ਵਾਲੀ ਸੇਵਾ ਦਾ ਸਮਾਂ( ਕਲਾਸ ਸਮਾਂ ) ਨਿਰਧਾਰਿਤ ਕਰੇਗਾ। ਮੁਹਾਰਤ ਦੇ ਪੱਧਰ ਅਨੁਸਾਰ ਮਿਲਣ ਵਾਲੇ ਖਾਸ ਮਿੰਟ ਦੀ ਜਾਣਕਾਰੀ ਲਈ ਹੇਠ ਦਿੱਤਾ ਚਾਰਟ ਦੇਖੋ।

| ਪੱਧਰ | ਗ੍ਰੇਡ k-8 ਦੇ ਲਈ ENL ਦੇ ਮਿੰਟ ਪ੍ਰਤੀ ਹਫ਼ਤੇ ਹਦਾਇਤ | ਗ੍ਰੇਡ 9-12 ਦੇ ਲਈ ENL ਦੇ ਮਿੰਟ ਪ੍ਰਤੀ ਹਫ਼ਤੇ ਹਦਾਇਤ* | ਦੋਭਾਸ਼ੀ ਪ੍ਰੋਗਰਾਮ ਵਿਚ ਵਿਦਿਆਰਥੀ |
|---|---|---|---|
| ਦਾਖਲ ਹੁੰਦਾ ( ਸ਼ੁਰੂ ਦਾ ) | 360 ਮਿੰਟ | 540 ਮਿੰਟ | • 1ਮੁੱਖ ਭਾਸ਼ਾ ਆਰਟਸ ਕੋਰਸ<br>• ਘਟ ਤੋਂ ਘਟ 2 ਦੋਭਾਸ਼ੀ ਸਮੱਗਰੀ ਖੇਤਰ ਵਿਸ਼ੇ |
| ਉਭਰਦਾ ( ਘੱਟ ਵਿਚਕਾਰਲਾ ) | 360 ਮਿੰਟ | 360 ਮਿੰਟ | • 1ਮੁੱਖ ਭਾਸ਼ਾ ਆਰਟਸ ਕੋਰਸ<br>• ਘਟ ਤੋਂ ਘਟ 2 ਦੋਭਾਸ਼ੀ ਸਮੱਗਰੀ ਖੇਤਰ ਵਿਸ਼ੇ |
| ਤਬਦੀਲ ਹੁੰਦਾ ( ਵਿਚਕਾਰਲਾ ) | 180 ਮਿੰਟ | 180 ਮਿੰਟ | • 1ਮੁੱਖ ਭਾਸ਼ਾ ਆਰਟਸ ਕੋਰਸ<br>• ਘਟ ਤੋਂ ਘਟ 1 ਦੋਭਾਸ਼ੀ ਸਮੱਗਰੀ ਖੇਤਰ ਵਿਸ਼ੇ |
| ਤਰੱਕੀ ਕਰਦਾ ( ਵਧਦਾ) | 180 ਮਿੰਟ | 180 ਮਿੰਟ | • 1ਮੁੱਖ ਭਾਸ਼ਾ ਆਰਟਸ ਕੋਰਸ<br>• ਘਟ ਤੋਂ ਘਟ 1 ਦੋਭਾਸ਼ੀ ਸਮੱਗਰੀ ਖੇਤਰ ਵਿਸ਼ੇ |
| ਹੁਕਮਰਾਨਾ ( ਨਿਪੁੰਨ) | ਹੁਕਮਰਾਨੀ ਪੱਧਰ 'ਤੇ ਇਕ ਵਿਦਿਆਰਥੀ ਅਕਾਦਮਿਕ ਪ੍ਰਸੰਗਾਂ ( ਸੈਟਿੰਗ ) ਦੀ ਭਿਨ-ਭਿਨ ਕਿਸਮਾਂ ਦੇ ਵਿੱਚ ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਦਾ ਪ੍ਰਦਰਸ਼ਨ ਕਰਨ ਲਈ ਜ਼ਰੂਰੀ ਭਾਸ਼ਾਈ ਮੰਗਾਂ ਨੂੰ ਪੂਰਾ ਕਰ ਚੁੱਕਾ ਹੈ। ਇਸ ਪੱਧਰ 'ਤੇ ਇਕ ਵਿਦਿਆਰਥੀ ਨੂੰ ਹੁਣ ਕੋਈ ਵੀ ਇੱਕ ELL ਵਿਦਿਆਰਥੀ ਨਹੀਂ ਮਨਦਾ, ਪਰ ਉਹ ਸਾਬਕਾ ELL ਸੇਵਾ ਨੂੰ ਦੋ ਸਾਲ ਪ੍ਰਾਪਤ ਕਰਨ ਦਾ ਹੱਕਦਾਰ ਹੁੰਦਾ ਹੈ। | | |

* ENL ਹਦਾਇਤ ਦਾ ਇੱਕ ਹਿੱਸਾ ਇੱਕ ਸੰਗਠਿਤ ਵਿਸ਼ੇ ਖੇਤਰ ਕਲਾਸ ਦੁਆਰਾ ਹੋ ਸਕਦਾ ਹੈ।

### ਸਾਬਕਾ **ELL** ਸੇਵਾਵਾਂ ਕੀ ਹਨ ?

ਇੱਕ ਵਾਰ ਜੇ ਇੱਕ ਵਿਦਿਆਰਥੀ ਹੁਕਮਰਾਨੀ ( ਮਾਹਰ ) ਪਧਰ ਤੇ ਪਹੁੰਚਦਾ ਹੈ, ਤੇ ਵਿਦਿਆਰਥੀ ਨੂੰ ਕੋਈ ਵੀ ਹੁਣ ਇੱਕ ELL ਨਹੀ ਮੰਨਦਾ ਅਤੇ ਉਹ ELL ਸੇਵਾ ਲਈ ਯੋਗ ਨਹੀ ਹੈ, ਪਰ ਸਾਬਕਾ ELL ਸਰਵਿਸਿਜ਼ ਲਈ ਯੋਗ ਹੈ। ਸਾਬਕਾ ELL ਸੇਵਾਵਾਂ ਵਿਚ, ਸੰਗਠਿਤ ENL ਦੇ ELA / ਕੋਰ ਵਿਸ਼ੇ ਖੇਤਰ , ਜ ਕੋਈ ਹੋਰ ਪ੍ਰਵਾਨਗੀ ਦਿੱਤੀ ਸਾਬਕਾ ELL ਸੇਵਾ ਦੇ, ਦੋ ਵਧੀਕ ਸਾਲ ਲਈ ਇਕ ਪ੍ਰਤੀ ਹਫ਼ਤੇ ਦੇ ਅਧਿਐਨ ਦੇ .5 ਯੂਨਿਟ ਸ਼ਾਮਲ ਹਨ। ਇਹਨਾ ਵਿਦਿਆਰਥੀਆਂ ਦੇ ਅਕਾਦਮਿਕ ਨਤੀਜੇ ਵਿੱਚ ਸੁਧਾਰ ਪ੍ਰਾਪਤ ਕਰਨ ਲਈ ਉਹਨਾ ਨੂੰ ਵਿਅਕਤੀਗਤ ਸਿੱਖਣ ਸਹਿਯੋਗ ਅਤੇ ਭਾਸ਼ਾ ਅਤੇ ਅਕਾਦਮਿਕ ਤਰੱਕੀ ਨੂੰ ਮਾਪਨ ਵਾਲੇ ਨਿਧਾਰਨ ਜਾਰੀ ਰਹਨੇ ਚਾਹੀਦੇ ਹਨ।

## ਮੈ ਆਪਣੇ ਬੱਚੇ ਨੂੰ **NYSESLAT** ਲਈ ਤਿਆਰ ਕਰਨ ਵਿੱਚ ਕਿਵੇਂ ਮਦਦ ਕਰ ਸਕਦਾ ਹਾਂ **?**

ਮਾਪੇ ਵਿਦਿਆਰਥੀਆਂ ਨੂੰ NYSESLAT ਲਈ ਤਿਆਰ ਕਰਨ ਵਿੱਚ ਮਦਦ ਕਰਨ ਲਈ ਕਈ ਕੁਝ ਕਰ ਸਕਦੇ ਹਨ। ਇੱਥੇ ਕੁਝ ਸੁਝਾਅ ਹਨ:

- ਇਹ ਯਕੀਨੀ ਬਣਾਓ ਕਿ ਤੁਹਾਡੇ ਬੱਚੇ ਨੂੰ ਕਾਫ਼ੀ ਨੀਦ ਪ੍ਰਾਪਤ ਹੋਵੇ, ਅਤੇ ਉਹ ਹਰੇਕ ਟੈਸਟ ਸ਼ੈਸ਼ਨ ਤੋਂ ਪਹਲੇ, ਇੱਕ ਸੰਤੁਲਿਤ ਪੌਸ਼ਿਟਕ ਭੋਜਨ ਖਾਵੇ।
- ਟੈਸਟ ਬਾਰੇ ਸਕਰਾਤਮਿਕ ਹੌਸਲਾ ਅਤੇ ਭਰੋਸਾ ਦਿਓ, ਕਿਉਕਿ ਇਹ ਤੁਹਾਡੇ ਬੱਚੇ ਦੇ ਟੈਸਟ ਸਕੋਰ ਤੇ ਸਕਾਰਾਤਮਕ ਅਸਰ ਕਰ ਸਕਦਾ ਹੈ।
- ਟੈਸਟਿੰਗ ਦੇ ਤਜਰਬੇ ਦੇ ਸੰਬੰਧ ਵਿੱਚ ਪ੍ਰਾਪਤ ਕਿਸੇ ਵੀ ਤਰਾਂ ਦੀ ਅਤੇ ਸਭ ਜਾਣਕਾਰੀ ਨੂੰ ਆਪਣੇ ਬੱਚੇ ਨਾਲ ਪੜ੍ਹੋ ਅਤੇ ਸਮੀਖਿਆ ਕਰੋ।
- ਆਪਣੇ ਬੱਚੇ ਨੂੰ ਭਰੋਸਾ ਦਿਲਾਓ ਕਿ ਇਹ ਨਿਰਧਾਰਨ ਉਸਦੇ ਅੰਗਰੇਜ਼ੀ ਭਾਸ਼ਾ ਦੇ ਵਿਕਾਸ ਨੂੰ ਮਾਪਣ ਲਈ ਹੈ।
- ਆਪਣੇ ਬੱਚੇ ਦੇ ਕਲਾਸਰੂਮ ਅਤੇ ਅੰਗਰੇਜ਼ੀ ਇੱਕ ਨਵੀਂ ਭਾਸ਼ਾ ਦੇ ਤੌਰ ਤੇ/ ਅੰਗਰੇਜ਼ੀ ਇੱਕ ਦੂਜੀ ਭਾਸ਼ਾ ਦੇ ਤੌਰ ਤੇ ( ENL / ESL ), ਜ ਦੋ ਭਾਸ਼ੀ ਅਧਿਆਪਕ ਨੂੰ ਖਾਸ ਸਹਿਯੋਗ ਅਤੇ ਸਿਫਾਰਸ਼ ਜੋ ਕਿ ਆਪਣੇ ਘਰ ਵਿੱਚ ਹੀ ਮੁਹੱਈਆ ਕਰਨ ਦੇ ਯੋਗ ਹੋ ਸਕਦੀ ਹੈ, ਲੈਣ ਲਈ ਮਿਲੋ ਅਤੇ ਉਸ ਦੇ ਨਾਲ ਮਿਲ ਕੇ ਕੰਮ ਕਰੋ।

## ਵਾਧੂ ਸਰੋਤ ਅਤੇ ਸਹਾਇਤਾ

NYSESLAT ਬਾਰੇ ਜਾਣਕਾਰੀ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ http://www.p12.nysed.gov/assessment/nyseslat/ ਅਤੇ https://www.engageny.org/resource/spring-2NYSESLAT 015-nyseslat-resources ਪਰ. ਜੇ ਤੁਹਾਨੂੰ ਆਪਣੇ ਬੱਚੇ ਦੇ ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਦੇ ਪੱਧਰ ਦੇ ਬਾਰੇ ਹੋਰ ਸਵਾਲ ਹਨ, ਤੇ emscassessinfo@nysed.gov ਨਾਲ ਸੰਪਰਕ ਕਰੋ ਜ ਕਾਲ ਕਰੋ 518-474-5902. ਦੋਭਾਸ਼ੀ / ENL ਸੇਵਾ ਦੇ ਸੰਬੰਧ ਵਿੱਚ ਸਵਾਲ ਦੋ ਭਾਸ਼ੀ ਸਿਖਿਆ ਅਤੇ ਵਿਸ਼ਵ ਭਾਸ਼ਾ ( OBEWL ) ਦੇ ਦਫ਼ਤਰ ਨੂੰ 518-474-8775 'ਤੇ ਫੋਨ ਕਰਕੇ ਨਿਰਦੇਸ਼ ਦਿੱਤੇ, ਜ obefls@nysed.gov ' ਤੇ ਈ -ਮੇਲ ਦੁਆਰਾ ਕੀਤੇ ਜਾ ਸਕਦੇ ਹਨ।

ELL ਸੇਵਾ ਬਾਰੇ ਸਵਾਲ ਅਤੇ ਚਿੰਤਾ ਲਈ ਕ੍ਰਿਪਜਾ ਸੰਪਰਕ ਕਰੋ

nysparenthotline@nyu.edu
ELL Parent Hotline: (800) 469-8224

**ਹੋਰ ਸਵਾਲ ?**

ਕ੍ਰਿਪਆ ਸਵਾਲ ਜ ਟਿੱਪਣੀ ਦੋ ਭਾਸ਼ੀ ਸਿਖਿਆ ਅਤੇ ਵਿਸ਼ਵ ਭਾਸ਼ਾ ਦੇ ਦਫ਼ਤਰ ਨੂੰ

ਭੇਜੋ ਜੀ: OBEFLS@nysed.gov

ਜ call ਕਰੋ: 718-722-2445
NYSESLAT 'ਤੇ ਵਧੇਰੇ ਜਾਣਕਾਰੀ ਲਈ ਜਾਉ:
http://www.p12.nysed.gov/assessment/nyseslat/

NYSED.gov